ਮਿੱਠੇ ਬੱਚੇ:- "ਮਿੱਠੇ ਬੱਚੇ :- ਅਵਿਨਾਸ਼ੀ ਸਰਜਨ ਤੋਂ ਕੁਝ ਵੀ ਲੁਕਾਨਾ ਨਹੀਂ ਹੈ, ਗਲਤੀ ਹੋਵੇ ਤਾਂ ਮਾਫੀ ਮੰਗ ਲੈਣੀ ਹੈ, ਨਹੀਂ ਤਾਂ ਬੋਝ ਚੜਦਾ ਜਾਵੇਗਾ, ਨਿੰਦਕ ਬਣ ਜਾਵਾਂਗੇ"

ਪ੍ਰਸ਼ਨ:- ਪ੍ਰਸ਼ਨ:- ਸੱਚੀ ਕਮਾਈ ਦਾ ਆਧਾਰ ਕੀ ਹੈ, ਉੱਨਤੀ ਵਿੱਚ ਵਿਘਨ ਕਿਓਂ ਪੈਂਦੇ ਹਨ?

ਉੱਤਰ:- ਸੱਚੀ ਕਮਾਈ ਦਾ ਆਧਾਰ ਪੜ੍ਹਾਈ ਹੈ, ਜੇਕਰ ਪੜ੍ਹਾਈ ਠੀਕ ਨਹੀਂ ਤਾਂ ਸੱਚੀ ਕਮਾਈ ਕਰ ਨਹੀਂ ਸਕਦੇ। ਤਰੱਕੀ ਵਿਚ ਰੁਕਾਵਟ ਤਾਂ ਪੈਂਦੀ ਹੈ ਜਦੋਂ ਸੰਗ ਠੀਕ ਨਾ ਹੋਵੇ। ਕਿਹਾ ਵੀ ਜਾਂਦਾ ਹੈ ਸੰਗ ਤਾਰੇ ਕੁਸੰਗ ਬੋਰੇ। ਸੰਗ ਖਰਾਬ ਹੋਵੇਗਾ ਤਾ ਪੜ੍ਹਾਂਗੇ ਨਹੀਂ, ਨਾ ਪਾਸ ਹੋ ਜਾਵਾਂਗੇ। ਸੰਗ ਹੀ ਇਕ ਦੋ ਨੂੰ ਡੁਬੋ ਦਿੰਦਾ ਹੈ। ਇਸਲਈ ਸੰਗਦੋਸ਼ ਦੀ ਤੁਸੀਂ ਬੱਚਿਆਂ ਨੂੰ ਬੜੀ ਸੰਭਾਲ ਕਰਨੀ ਹੈ।

ਗੀਤ:- ਤੂੰ ਪਿਆਰ ਦਾ ਸਾਗਰ ਹੈ...

ਓਮ ਸ਼ਾਂਤੀ। ਬੇਹੱਦ ਦੇ ਬਾਪ ਦੀ ਬੱਚੇ ਮਹਿਮਾ ਕਰਦੇ ਹਨ। ਇਹ ਹੈ ਭਗਤੀ ਮਾਰਗ ਦੀ ਮਹਿਮਾ। ਤੁਸੀਂ ਸਪੂਤ ਬੱਚੇ ਇਸ ਵੇਲੇ ਬਾਪ ਦੀ ਸਾਮਣੇ ਮਹਿਮਾ ਕਰਦੇ ਹੋ। ਸਮਝਦੇ ਹੋ ਬੇਹੱਦ ਦਾ ਬਾਪ ਆ ਕੇ ਸਾਨੂੰ ਗਿਆਨ ਦੇ ਕੇ ਸਵਰਗ ਦਾ ਮਾਲਿਕ ਬਣਾ ਰਿਹਾ ਹੈ ਕਿਉਂਕਿ ਗਿਆਨ ਦਾ ਸਾਗਰ ਉਹ ਹੀ ਹੈ। ਗੌਡ ਵਿਚ ਨੋਲਜ ਹੈ। ਉਸਨੂੰ ਕਹਿੰਦੇ ਹਨ ਗੌਡਲੀ ਨੋਲਜ। ਪਰਮਪਿਤਾ ਪਰਮਾਤਮਾ ਨੋਲਜ ਦੇਣ ਵਾਲਾ ਹੈ। ਕਿਸਨੂੰ? ਬੱਚਿਆਂ ਨੂੰ। ਜਿਵੇਂ ਤੁਹਾਡੀ ਮੰਮਾ ਦਾ ਗੋਡੇਜ ਆਫ ਨੋਲਜ ਨਾਮ ਰੱਖਿਆ ਹੋਇਆ ਹੈ। ਤਾਂ ਜਦੋ ਉਹ ਜਗਤ ਮੰਮਾ ਗੋਡੇਜ ਆਫ ਨੋਲਜ ਹੈ ਤਾਂ ਉਨ੍ਹਾਂ ਦੇ ਬੱਚਿਆਂ ਵਿਚ ਵੀ ਤਾਂ ਉਹ ਹੀ ਨੋਲਜ ਹੋਵੇਗੀ। ਗੋਡੇਜ ਆਫ ਨੋਲਜ ਸਰਸਵਤੀ ਨੂੰ ਗੋਡ ਨੋਲਜ ਦਿੰਦੇ ਹਨ। ਪਰ ਕਿਸ ਦਵਾਰਾ ਦਿੰਦੇ ਹਨ? ਇਹ ਬੜੀਆਂ ਸਮਝਣ ਦੀਆ ਗੱਲਾਂ ਹਨ। ਦੁਨੀਆ ਨਹੀਂ ਜਾਣਦੀ ਕਿ ਜਗਤ ਅੰਬਾ ਕੌਣ ਹੈ? ਇਹ ਤਾਂ ਬੱਚੇ ਹੀ ਜਾਣਦੇ ਹਨ ਕਿ ਜਗਤ ਅੰਬਾ ਤੇ ਇਕ ਹੀ ਹੋਵੇਗੀ। ਨਾਮ ਬਹੁਤ ਦੇ ਦਿੱਤੇ ਹਨ। ਮਨੁੱਖ ਤਾਂ ਜਾਣਦੇ ਨਹੀਂ ਕਿ ਇਹ ਪ੍ਰਜਾਪਿਤਾ ਬ੍ਰਹਮਾ ਦੀ ਮੁੱਖ ਵੰਸ਼ਾਵਲੀ ਸਰਸਵਤੀ ਹੈ। ਉਨ੍ਹਾਂ ਨੂੰ ਨੋਲਜ ਦੇਣ ਵਾਲਾ ਗੌਡ ਫਾਦਰ ਹੈ। ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ - ਇਹ ਨੋਲਜ ਗੌਡ ਫਾਦਰ ਦਿੰਦੇ ਹਨ। ਬਾਪ ਨੇ ਨਾਲੇਜ਼ ਦਿੱਤੀ ਬੱਚਿਆਂ ਨੂੰ। ਸਰਸਵਤੀ ਨੂੰ ਕਿਵੇਂ ਮਿਲੀ? ਜਰੂਰ ਪ੍ਰਜਾਪਿਤਾ ਬ੍ਰਹਮਾ ਦੀ ਮੁੱਖ ਵੰਸ਼ਾਵਲੀ ਹੈ ਤਾਂ ਪਰਮਪਿਤਾ ਪਰਮਾਤਮਾ ਜੋ ਗਿਆਨ ਦਾ ਸਾਗਰ ਹੈ, ਉਸ ਨੇ ਇਸ ਮੁੱਖ ਦਵਾਰਾ ਸਰਸਵਤੀ ਨੂੰ ਗਿਆਨ ਦਿੱਤਾ ਹੋਵੇਗਾ। ਇਹ ਹੀ ਗਿਆਨ ਫਿਰ ਹੋਰਾਂ ਨੂੰ ਵੀ ਦਿੱਤਾ ਹੋਵੇਗਾ। ਗੌਡ ਫਾਦਰ ਪੜ੍ਹਾਉਂਦੇ ਹਨ ਤਾਂ ਜਰੂਰ ਗੌਡ ਫਾਦਰ ਦੇ ਬੱਚੇ ਮਾਸਟਰ ਗੌਡ ਫਾਦਰ ਹੋਏ ਨਾ, ਇਸਲਈ ਨਾਮ ਰੱਖਿਆ ਹੋਇਆ ਹੈ ਗੋਡੇਜ ਆਫ ਨੋਲਜ। ਬੱਚੇ ਇਹ ਜਾਣਦੇ ਹਨ ਕਿ ਅਸੀਂ ਅਤੇ ਸਾਡੀ ਮੰਮਾ ਨੋਲਜ ਲੈ ਰਹੀ ਹੈ ਗਿਆਨ ਸਾਗਰ ਦੇ ਦਵਾਰਾ, ਜਿਸਨੂੰ ਗੀਤਾ ਦਾ ਭਗਵਾਨ ਕਿਹਾ ਜਾਂਦਾ ਹੈ, ਭਗਵਾਨ ਤਾਂ ਇਕ ਹੈ। ਕੋਈ ਦੇਵਤਾ ਜਾ ਮਨੁੱਖ ਭਗਵਾਨ ਨਹੀਂ ਹੋ ਸਕਦਾ। ਹੁਣ ਗੌਡਜ਼ ਆਫ ਨੋਲਜ ਹੈ ਤਾਂ ਕਿਹੜੀ ਨੋਲਜ ਹੋਵੇਗੀ? ਰਾਜਯੋਗ ਦੀ। ਇਸ ਸਹਿਜ ਰਾਜਯੋਗ ਦੀ ਨੋਲਜ ਨਾਲ ਹੀ ਫਿਰ ਗੌਡਜ ਆਫ ਨੋਲਜ ਸਰਸਵਤੀ ਹੀ ਫਿਰ ਗੌਡਜ਼ ਆਫ ਲਕਸ਼ਮੀ ਬਣਦੀ ਹੈ। ਗੌਡਜ਼ ਆਫ ਨੋਲਜ ਦੀ ਮਹਿਮਾ ਹੈ ਤਾਂ ਜਰੂਰ ਫਿਰ ਬੱਚਿਆਂ ਦੀ ਵੀ ਹੈ। ਪ੍ਰਜਾਪਿਤਾ ਦੀ ਸਾਰੀ ਸੰਤਾਨ ਹੈ। ਮੰਮਾ ਦੀ ਸੰਤਾਨ ਨਹੀਂ ਕਹਾਂਗੇ। ਪ੍ਰਜਾਪਿਤਾ ਬ੍ਰਹਮਾ ਦੇ ਮੁੱਖ ਕਮਲ ਦੀ ਇਹ ਹੈ ਸੰਤਾਨ। ਤੁਸੀਂ ਸਾਰੇ ਇਸ਼ਵਰੀ ਔਲਾਦ ਨਿਸ਼ਚੇ ਕਰਦੇ ਹੋ। ਈਸ਼ਵਰ ਬਾਪ ਕਹਿੰਦੇ ਹਨ ਮੈਂ ਬੱਚਿਆਂ ਦੇ ਹੀ ਸਾਮਣੇ ਹੁੰਦਾ ਹਾਂ। ਉਹ ਹੀ ਮੈਨੂੰ ਜਾਣਦੇ ਹਨ। ਤਾਂ ਜਗਤ ਅੰਬਾ ਹੈ ਗੌਡਜ਼ ਆਫ ਨੋਲਜ। ਇਹ ਹੈ ਸਹਿਜ ਰਾਜਯੋਗ ਦੀ ਨੋਲਜ, ਨਾ ਕਿ ਸ਼ਾਸਤਰਾਂ ਦੀ। ਗੌਡ ਨੇ ਇਹਨਾਂ ਨੂੰ ਨੋਲਜ ਦਿੱਤੀ ਤਾਂ ਇਹ ਗੌਡਜ ਕਹਿਲਾਉਂਦੀ ਹੈ। ਜਗਤ ਅੰਬਾ ਤੇ ਮਾਤਾ ਠਹਿਰੀ। ਫਿਰ ਦੂਸਰੇ ਜਨਮ ਵਿਚ ਗੌਡਜ਼ ਆਫ ਵੈਲਥ(ਧਨ) ਦੀ ਲਕਸ਼ਮੀ ਬਣਦੀ ਹੈ। ਜਿਸ ਤੋਂ ਮਨੁੱਖ ਭਿੱਖ ਮੰਗਦੇ ਹਨ। ਤਾਂ ਸਿੱਧ ਹੋਇਆ ਬਾਪ ਦਵਾਰਾ ਜਗਤ ਅੰਬਾ ਨੂੰ ਰਾਜਯੋਗ ਦਾ ਵਰਸਾ ਮਿਲਦਾ ਹੈ। ਓਹਨਾ ਨੂੰ ਗੌਡਜ਼ ਆਫ ਨੋਲਜ ਕਿਹਾ ਜਾਂਦਾ ਹੈ। ਨੋਲਜ ਸੋਰਸ ਆਫ ਇੰਨਕਮ(ਕਮਾਈ ਦਾ ਸਾਧਨ) ਹੈ। ਇਹ ਹੈ ਸੱਚੀ ਕਮਾਈ ਜੋ ਸੱਚੇ ਬਾਪ ਦਵਾਰਾ ਹੁੰਦੀ ਹੈ। ਤੁਸੀਂ ਹੁਣ ਨੰਬਰਵਾਰ ਪੁਰਸ਼ਾਰਥ ਅਨੁਸਾਰ ਸੱਚੀ ਕਮਾਈ ਕਰ ਰਹੇ ਹੋ। ਜੇਕਰ ਪੜ੍ਹਾਈ ਨਹੀਂ ਕਰਦੇ ਤਾ ਉਨ੍ਹਾਂ ਦੀ ਸੱਚੀ ਕਮਾਈ ਨਹੀਂ ਹੁੰਦੀ। ਸੰਗ ਠੀਕ ਨਹੀਂ ਹੋਵੇਗਾ ਤਾ ਪੜ੍ਹ ਨਹੀਂ ਸਕਣਗੇ, ਤਰੱਕੀ ਨਹੀਂ ਹੋਵੇਗੀ। ਸੰਗ ਤਾਰੇ ਕੁਸੰਗ ਬੋਰੇ ਸੰਗ ਖਰਾਬ ਹੋਵੇਗਾ ਤਾ ਪੜ੍ਹਾਂਗੇ ਨਹੀਂ ਤਾਂ ਨਾ ਪਾਸ ਹੋ ਪਿਛਾੜੀ ਵਿਚ ਬੈਠੇ ਰਹਾਂਗੇ। ਟੀਚਰ ਜਾਣਦਾ ਹੈ ਇਸ ਦਾ ਕਾਰਨ ਕੀ ਹੈ? ਬਾਪ ਨਹੀਂ ਜਾਣਦਾ ਹੈ। ਹਾਂ ਬਾਪ ਇਤਨਾ ਜਰੂਰ ਸਮਝੇਗਾ ਕਿ ਇਹਨਾਂ ਨੇ ਪੜ੍ਹਾਈ ਘੱਟ ਕੀਤੀ ਹੈ। ਜਰੂਰ ਖਰਾਬ ਸੰਗ ਹੈ ਜਿਸਦੇ ਕਾਰਨ ਨਾਪਾਸ ਹੋ ਜਾਂਦੇ ਹਨ। ਸਮਝੋ ਆਪਸ ਵਿਚ ਪਿਆਰ ਹੈ, ਦੋਵੇ ਨਹੀਂ ਪੜਦੇ ਤਾਂ ਇਕ ਦੋ ਨੂੰ ਰਸਾਤਲ ਵਿਚ ਪਹੁੰਚਾ ਦੇਣਗੇ। ਬਾਪ ਸਮਝਦੇ ਹਨ ਕਿ ਇਹ ਪੜਦੇ ਨਹੀਂ, ਇਹਨਾਂ ਨੂੰ ਵੱਖ ਕਰਨਾ ਚਾਹੀਦਾ ਹੈ। ਪੜ੍ਹਾਈ ਬਿਗਰ ਮਨੁੱਖ ਨੂੰ ਬੇਸਮਝ ਕਿਹਾ ਜਾਂਦਾ ਹੈ। ਪੜਦੇ ਹਨ ਤਾਂ ਕਹਾਂਗੇ ਸਮਝਦਾਰ। ਭਗਵਾਨ ਦੀ ਮਤ ਤੇ ਨਹੀਂ ਚਲਦੇ ਤਾਂ ਕਿਹਾ ਜਾਵੇਗਾ ਇਹ ਸੌਤੇਲਾ ਬੱਚਾ ਹੈ। ਪ੍ਰੰਤੂ ਉਹ ਅਰਥ ਨੂੰ ਨਹੀਂ ਜਾਣਦੇ ਹਨ। ਤੁਸੀਂ ਤੁਸੀਂ ਜਾਣਦੇ ਹੋ- ਕੋਈ ਨਹੀਂ ਪੜਦੇ ਤਾਂ ਫਿਰ ਪਤਿਤ ਦੇ ਪਤਿਤ ਰਹਿ ਜਾਣਗੇ। ਨਾਪਾਸ ਹੋ ਭੱਜ ਜਾਣਗੇ। ਬਾਪ ਕਹਿੰਦੇ ਹਨ ਐਹੋ ਰਾਵਣ ਤੁਸੀਂ ਸਾਰੇ ਬੱਚਿਆਂ ਨੂੰ ਹੱਪ ਕਰ ਜਾਂਦੇ ਹੋ। ਕਿੰਨੇ ਪਾਵਰਫੁੱਲ ਹੋ। ਬੱਚੇ ਸ਼ੈਤਾਨ ਦੀ ਮੱਤ ਤੇ ਚਲ ਪੈਂਦੇ ਹਨ। ਸ਼੍ਰੀਮਤ ਤੇ ਨਹੀਂ ਚਲਦੇ ਹਨ। ਆਪਣੇ ਨਾਲ ਪ੍ਰਣ ਕਰਨਾ ਚਾਹੀਦਾ ਹੈ ਅਸੀਂ ਕਦਮ ਕਦਮ ਬਾਬਾ ਦੀ ਮਤ ਤੇ ਚੱਲਾਂਗੇ। ਜੋ ਸ਼੍ਰੀਮਤ ਤੇ ਨਹੀਂ ਚਲਦੇ

ਉਨ੍ਹਾਂ ਨੂੰ ਆਸੁਰੀ ਮਤ ਵਾਲਾ ਕਹਾਂਗੇ। ਬਾਬਾ ਸਮਝ ਜਾਂਦੇ ਹਨ ਕਿ ਇਹ ਇਨਾ ਉੱਚ ਪਦਵੀ ਪਾ ਨਹੀਂ ਸਕੇਗਾ, ਕਿਸੇ ਨੂੰ ਸਮਝਾ ਨਹੀਂ ਸਕੇਗਾ ਤੇ ਸਮਝਾਂਗੇ ਰਾਵਣ ਦੇ ਵੱਸ ਵਿਚ ਹੈ। ਯੋਗ ਨਹੀਂ ਹੈ ਜੋ ਬੁੱਧੀ ਦਾ ਯੋਗ ਸ਼ੁੱਧ ਹੋ ਜਾਵੇ। ਬੁੱਧੀ ਦਾ ਯੋਗ ਵੀ ਚਾਹੀਦਾ ਹੈ। ਇਸ਼ਵਰੀਏ ਬੱਚਿਆਂ ਦੀ ਚਲਣ ਬੜੀ ਚੰਗੀ ਹੋਣੀ ਚਾਹੀਦੀ ਹੈ। ਜਮਤੇ ਜਾਮ(ਜਨਮ ਲੈਂਦੇ ਹੀ ਹੁਸ਼ਿਆਰ ਰਾਜਾ) ਤਾਂ ਕੋਈ ਹੋ ਨਹੀਂ ਸਕਦਾ। ਇਸਲਈ ਬਾਬਾ ਕਹਿੰਦੇ ਹਨ ਪੰਜ ਵਿਕਾਰਾਂ ਤੇ ਜਿੱਤ ਪਾਉਣੀ ਹੈ ਸ਼੍ਰੀਮਤ ਤੇ ਚੱਲਕੇ। ਜਿਹੜੇ ਸ਼੍ਰੀਮਤ ਤੇ ਨਹੀਂ ਚਲਦੇ ਤਾਂ ਬਾਬਾ ਕਹਿ ਦਿੰਦੇ ਇਹ ਆਸੁਰੀ ਮਤ ਤੇ ਹਨ। ਫਿਰ ਉਨ੍ਹਾਂ ਵਿੱਚੋ ਕੋਈ 5 ਪ੍ਰਤੀਸ਼ਤ ਕੋਈ 10 ਪ੍ਰਤੀਸ਼ਤ ਸ਼੍ਰੀਮਤ ਤੇ ਚਲਦੇ ਹਨ। ਉਹ ਵੀ ਹਿਸਾਬ ਹੈ।

ਤਾਂ ਜਰੂਰ ਜਗਤ ਅੰਬਾ ਵੀ ਇਕ ਹੀ ਹੈ। ਜਗਤ ਅੰਬਾ ਹੈ ਬ੍ਰਹਮਾ ਮੁਖ ਵੰਸ਼ਾਵਲੀ ਸਰਸਵਤੀ। ਇਹ ਉਨ੍ਹਾਂ ਦਾ ਪੂਰਾ ਨਾਮ ਹੈ। ਸਰਸਵਤੀ ਨੂੰ ਹੀ ਸਿਤਾਰ ਦਿੰਦੇ ਹਨ। ਇਹ ਹੈ ਗੌਡਜ ਆਫ ਨੋਲਜ ਜਰੂਰ ਉਨ੍ਹਾਂ ਦੀ ਸੰਤਾਨ ਵੀ ਹੋਣਗੇ। ਉਨ੍ਹਾਂ ਨੂੰ ਵੀ ਤੰਬੂਰਾਂ ਹੋਣਾ ਚਾਹੀਦਾ ਹੈ। ਦੇਖੋ ਝਾੜ ਵਿਚ ਇਹ ਸਰਸਵਤੀ ਬੈਠੀ ਹੈ। ਰਾਜਯੋਗ ਸਿੱਖ ਰਹੀ ਹੈ। ਫਿਰ ਇਹ ਜਾ ਕੇ ਲਕਸ਼ਮੀ ਬਣਦੀ ਹੈ, ਗੌਡਜ਼ ਆਫ ਵੈਲਥ। ਇਸ ਵਿੱਚ ਹੈਲਥ, ਵੈਲਥ ਹੈਪੀਨੈੱਸ(ਧਨ ਤੇ ਖੁਸ਼ੀ) ਸਭ ਆ ਜਾਂਦੀ ਹੈ। ਇਹ ਤਾਂ ਪਰਮਪਿਤਾ ਪਰਮਾਤਮਾ ਦੇ ਸਿਵਾਏ ਕੋਈ ਦੇ ਨਹੀਂ ਸਕਦਾ। ਹੇਵਨਲੀ ਗੌਡ ਫਾਦਰ ਉਹ ਹੈ, ਹੁਣ ਦੇਖੋ ਮੰਮਾ ਸਰਵਿਸ ਕਰ ਰਹੀ ਹੈ। ਸਮਝੋ ਪਹਿਲਾ ਜੇ ਮੰਮਾ ਨੂੰ ਬੁਲਾਵੇ ਤਾਂ ਪਹਿਲਾਂ ਉਨ੍ਹਾਂ ਦੇ ਕੰਮ ਨੂੰ ਜਾਣੋ। ਪਹਿਲੋਂ ਨੋਲਜ ਚਾਹੀਦੀ ਹੈ ਕਿ ਇਹ ਕੌਣ ਹੈ? ਦੁਨੀਆ ਤਾਂ ਨਹੀਂ ਜਾਣਦੀ ਹੈ। ਕਹਿੰਦੇ ਹਨ ਕ੍ਰਿਸ਼ਨ ਨੂੰ ਗਾਲੀ ਮਿਲੀ। ਪਰ ਇਹ ਤਾਂ ਹੋ ਨਹੀਂ ਸਕਦਾ। ਇੰਪੋਸੀਬਲ ਹੈ। ਸਭ ਤੋਂ ਜ਼ਿਆਦਾ ਗਾਲੀਆਂ ਖਾਣ ਵਾਲੇ ਹਨ ਸ਼ਿਵਬਾਬਾ, ਸੈਕੰਡ ਨੰਬਰ ਵਿਚ ਗਾਲੀਆਂ ਖਾਣ ਵਾਲਾ ਹੈ ਬ੍ਰਹਮਾ। ਸ਼੍ਰੀਕ੍ਰਿਸ਼ਨ ਅਤੇ ਬ੍ਰਹਮਾ। ਪਰ ਸ਼੍ਰੀਕ੍ਰਿਸ਼ਨ ਨੂੰ ਗਾਲੀ ਦੇ ਨਹੀਂ ਸਕਦੇ। ਮਨੁੱਖਾਂ ਨੂੰ ਇਹ ਨੋਲਜ ਨਹੀਂ ਕਿ ਸਰਸਵਤੀ ਗੌਡਜ਼ ਆਫ ਨੋਲਜ ਭਵਿੱਖ ਵਿਚ ਜਾ ਕੇ ਰਾਧੇ ਬਣਦੀ ਹੈ। ਸਵੰਬਰ ਤੋਂ ਬਾਅਦ ਲਕਸ਼ਮੀ ਬਣਦੀ ਹੈ, ਗੌਡਜ਼ ਆਫ ਵੈਲਥ। ਇਸ ਵਿਚ ਹੈਲਥ, ਵੈਲਥ, ਹੈਪੀ ਸਭ ਆ ਜਾਂਦਾ ਹੈ। ਤੁਹਾਨੂੰ ਸਮਝਾਉਣ ਦਾ ਬੜਾ ਨਸ਼ਾ ਚਾਹੀਦਾ ਹੈ। ਮੰਮਾ ਕੌਣ ਹੈ ਇਹ ਸਮਝਾਣਾ ਪਵੇਗਾ। ਇਹ ਹੈ ਸਰਸਵਤੀ, ਬ੍ਰਹਮਾ ਦੀ ਬੇਟੀ ਮੁਖ ਵੰਸ਼ਾਵਲੀ। ਭਾਰਤਵਾਸੀ ਕੁਝ ਵੀ ਨਹੀਂ ਜਾਣਦੇ, ਨੋਲਜ ਹੈ ਨਹੀਂ, ਅੰਧਸ਼ਰਧਾ ਹੈ। ਅੰਧਵਿਸ਼ਵਾਸ ਵਿਚ ਭਾਰਤਵਾਸੀ ਬਹੁਤ ਹਨ। ਪੂਜਾ ਕਿਸ ਦੀ ਕਰ ਰਹੇ ਹਨ, ਇਹ ਵੀ ਨਹੀਂ ਜਾਣਦੇ। ਕ੍ਰਿਸ਼ਚਨ ਆਪਣੇ ਕ੍ਰਾਇਸਟ ਨੂੰ ਜਾਣਦੇ ਹਨ। ਸਿੱਖ ਲੋਕ ਜਾਣਦੇ ਹਨ ਕਿ ਗੁਰੂ ਨਾਨਕ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ। ਆਪਣੇ ਧਰਮ ਸਥਾਪਨ ਕਰਨ ਵਾਲੇ ਨੂੰ ਜਾਣਦੇ ਹਨ। ਸਿਰਫ ਭਾਰਤ ਵਾਸੀ ਹਿੰਦੂ ਨਹੀਂ ਜਾਣਦੇ। ਅੰਧਸ਼ਰਧਾ ਨਾਲ ਪੂਜਾ ਕਰਦੇ ਰਹਿੰਦੇ ਹਨ। ਆਕੂਪੇਸ਼ਨ ਦਾ ਕੁਝ ਵੀ ਪਤਾ ਨਹੀਂ ਹੈ। ਕਲਪ ਦੀ ਉਮਰ ਵੱਡੀ ਦੱਸਣ ਕਾਰਣ ਕੁਝ ਵੀ ਸਮਝਦੇ ਨਹੀਂ ਹਨ। ਇਸਲਾਮੀ ਬੋਧੀ ਆਦਿ ਸਭ ਬਾਅਦ ਵਿਚ ਆਏ ਹਨ। ਉਨ੍ਹਾਂ ਤੋਂ ਪਹਿਲਾ ਜਰੂਰ ਦੇਵਤਾ ਹੋਣਗੇ। ਉਨ੍ਹਾਂ ਦਾ ਵੀ ਇਤਨਾ ਵਕਤ ਹੋਵੇਗਾ। ਇਨੇ ਸਾਰੇ ਹੋਰ ਸਭ ਧਰਮਾਂ ਨੂੰ ਅੱਧਾ ਕਲਪ ਲਗਦਾ ਹੈ, ਤੇ ਇਸ ਇਕ ਧਰਮ ਨੂੰ ਵੀ ਅੱਧਾਕਲਪ ਦੇਣਾ ਪਵੇ। ਲੱਖਾਂ ਸਾਲ ਤਾਂ ਕਹਿ ਨਹੀਂ ਸਕਦੇ। ਤੁਸੀਂ ਜਗਤ ਅੰਬਾ ਦੇ ਮੰਦਿਰ ਵਿਚ ਜਾ ਕੇ ਸਮਝਾਓਗੇ, ਇਸ ਗੌਡਜ਼ ਆਫ ਨੋਲਜ ਨੂੰ ਇਹ ਨੋਲਜ ਕਿਸ ਨੇ ਦਿੱਤੀ। ਇਸ ਤਰ੍ਹਾਂ ਤੇ ਨਹੀਂ ਕਹਾਂਗੇ ਸ਼੍ਰੀਕ੍ਰਿਸ਼ਨ ਨੇ ਜਗਤ ਅੰਬਾ ਨੂੰ ਨੋਲਜ ਦਿੱਤੀ। ਪਰ ਇਹ ਵੀ ਓਹ ਹੀ ਸਮਝਾ ਸਕਦੇ ਹਨ ਜਿਨ੍ਹਾਂ ਦੀ ਪ੍ਰੈਕਟਿਸ ਵਧੀਆ ਹੈ। ਕਿਸੇ ਕਿਸੇ ਨੂੰ ਤਾਂ ਦੇਹ ਅਭਿਮਾਨ ਬਹੁਤ ਹੈ ਕੋਈ ਨਾ ਕੋਈ ਮਿੱਤਰ ਸੰਬੰਧੀਆਂ ਨੂੰ ਯਾਦ ਕਰਦੇ ਰਹਿੰਦੇ ਹਨ। ਬਾਪ ਕਹਿੰਦੇ ਹੋਰਾਂ ਨੂੰ ਯਾਦ ਕਰੋਗੇ ਤਾਂ ਮੇਰੀ ਯਾਦ ਭੁੱਲ ਜਾਵੇਗੀ। ਤੁਸੀਂ ਗਾਉਂਦੇ ਵੀ ਹੋ ਹੋਰ ਸੰਗ ਤੋੜ ਇਕ ਨਾਲ ਜੋੜਾਂਗੇ। ਉਹ ਤਾਂ ਹੁਣ ਇਥੇ ਬੈਠੇ ਹਨ। ਬਾਬਾ ਅਸੀਂ ਤੁਹਾਡੀ ਮਤ ਤੇ ਚੱਲਾਂਗੇ। ਇਸ ਤਰ੍ਹਾਂ ਦਾ ਕੋਈ ਕਰਮ ਨਹੀਂ ਕਰਾਂਗੇ ਜਿਸ ਨਾਲ ਨਾਮ ਬਦਨਾਮ ਹੋਵੇ। ਬਹੁਤ ਬੱਚੇ ਇਸ ਤਰ੍ਹਾਂ ਦਾ ਕੰਮ ਕਰਦੇ ਹਨ ਜਿਸ ਨਾਲ ਨਾਮ ਬਦਨਾਮ ਹੁੰਦਾ ਹੈ। ਜਦੋ ਤੱਕ ਕੋਈ ਸਮਝੇ ਉਦੋਂ ਤੱਕ ਗਾਲੀਆਂ ਦਿੰਦੇ ਰਹਿੰਦੇ ਹਨ। ਨਾਮ ਵੀ ਤਾਂ ਬਾਲਾ ਹੋਇਆ ਹੈ ਨਾ। ਅਹੋ ਪ੍ਰਭੂ ਤੇਰੀ ਲੀਲਾ ਗਾਈ ਹੈ ਨਾ। ਪਰੰਤੂ ਬੱਚੇ ਸਮਝ ਸਕਦੇ ਹਨ, ਹੋਰ ਕੋਈ ਨਹੀਂ ਜਾਣਦਾ। ਬਾਪ ਕਹਿੰਦੇ ਹਨ - ਮੈਂ ਤਾਂ ਨਿਸ਼ਕਾਮ ਸੇਵਾ ਕਰਦਾ ਹਾਂ। ਅਪਕਾਰੀਆਂ ਤੇ ਵੀ ਉਪਕਾਰ ਕਰਦਾ ਹਾਂ। ਭਾਰਤ ਨੂੰ ਹੀ ਸੋਨੇ ਦੀ ਚਿੜੀਆਂ ਬਣਾਉਂਦਾ ਹਾਂ। ਨੰਬਰਵਨ ਉਪਕਾਰ ਕਰਨ ਵਾਲਾ ਹਾਂ। ਪਰ ਮਨੁੱਖ ਮੈਨੂੰ ਸਰਵਵਿਆਪੀ ਕਹਿ ਕੇ ਬੜੀਆਂ ਗਾਲਾਂ ਦਿੰਦੇ ਹਨ। ਮੈਂ ਤਾਂ ਤੁਹਾਨੂੰ ਬੱਚਿਆਂ ਨੂੰ ਨੋਲਜ ਦਿੰਦਾ ਹਾਂ। ਤਾਂ ਇਸ ਗਿਆਨ ਯਗਿਆ ਵਿਚ ਆਸੁਰੀ ਸੰਪਰਦਾਏ ਦੇ ਵਿਘਨ ਬੜੇ ਪੈਂਦੇ ਹਨ। ਬਾਪ ਤਾਂ ਸਮਝਾਉਂਦੇ ਹਨ ਜਿਹੜੇ ਬੱਚੇ ਚੰਗੀ ਤਰ੍ਹਾਂ ਨਹੀਂ ਸਮਝਦੇ, ਉਨ੍ਹਾਂ ਦੇ ਕਾਰਣ ਵੀ ਕਿਚੜਾ ਪੈਂਦਾ ਹੈ। ਗਲਾਨੀ ਕਰਵਾਉਂਦੇ ਹਨ। ਕਈ ਬੱਚੇ ਤਾਂ ਬੜੀ ਚੰਗੀ ਤਰ੍ਹਾਂ ਸੇਵਾ ਕਰਦੇ ਹਨ। ਕਈ ਡਿਸਸਰਵਿਸ ਵੀ ਕਰਦੇ ਹਨ। ਇਕ ਤਰਫ ਕਈ ਕੰਸਟ੍ਰਕ੍ਸ਼ਨ ਕਰਦੇ ਹਨ ਤੇ ਦੂਜੀ ਤਰਫ ਡਿਸਟ੍ਰਕ੍ਸ਼ਨ ਕਰਦੇ ਹਨ। ਕਿਉਂਕਿ ਗਿਆਨ ਨਹੀਂ ਹੈ। ਇਹ ਸੂਰਜਵੰਸ਼ੀ ਚੰਦਰਵੰਸ਼ੀ ਰਾਜਧਾਨੀ ਸਥਾਪਨ ਹੋ ਰਹੀ ਹੈ। ਜੋ ਚੰਗੀ ਤਰ੍ਹਾਂ ਨਹੀਂ ਸਮਝਦੇ ਹਨ ਉਨ੍ਹਾਂ ਨੂੰ ਸਮਝਾਉਣਾ ਹੈ। ਤਰਸ ਤੇ ਆਉਂਦਾ ਹੈ। ਬਾਪ ਦਾ ਬਣ ਕੇ ਵਰਸਾ ਨਹੀਂ ਲਿਆ ਤਾ ਉਹ ਕਿਸ ਕੰਮ ਦਾ ਰਿਹਾ। ਬਾਪ ਮਿਲਿਆ ਹੈ ਤਾਂ ਪੂਰਾ ਪੁਰਸ਼ਾਰਥ ਕਰ ਵਰਸਾ ਲੈਣਾ ਚਾਹੀਦਾ ਹੈ, ਸ਼੍ਰੀਮਤ ਤੇ ਚਲਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਕੰਮ ਨਹੀਂ ਕਰਨਾ ਹੈ ਜਿਸ ਨਾਲ ਬਾਪ ਦੀ ਗਲਾਨੀ ਹੋਵੇ। ਬਾਪ ਜਾਣਦੇ ਹਨ ਇਹ ਕਾਮ, ਕ੍ਰੋਧ ਮਹਾਸ਼ਤਰੂ ਹਨ। ਇਹ ਨੱਕ , ਕੰਨ ਤੋਂ ਪਕੜਦੇ ਰਹਿੰਦੇ ਹਨ। ਇਹ ਤਾਂ ਹੋਵੇਗਾ। ਉਨ੍ਹਾਂ ਤੋਂ ਪਾਰ ਜਾਣਾ ਹੈ। ਕਈ ਤਾਂ ਨਾਮ ਰੂਪ ਵਿਚ ਫਸ ਜਾਂਦੇ ਹਨ। ਸਾਰੇ ਬੱਚੇ ਇਕ ਜਿਹੇ ਨਹੀਂ ਹੁੰਦੇ। ਬਾਪ ਫਿਰ ਵੀ ਸਾਵਧਾਨ ਕਰਦੇ ਹਨ - ਬੱਚੇ ਖ਼ਬਰਦਾਰ ਰਹਿਣਾ। ਇਸ ਤਰ੍ਹਾਂ ਦੇ ਕੰਮ ਕਰ ਕੇ ਜੇਕਰ ਨਿੰਦਾ ਕਰਵਾਉਣਗੇ ਤਾਂ ਪਦ ਭ੍ਰਸ਼ਟ ਹੋ ਜਾਵੇਗਾ। ਰੁਸਤਮ ਦੇ ਨਾਲ ਮਾਇਆ ਵੀ ਰੁਸਤਮ ਹੋਕੇ ਲੜਦੀ ਹੈ। ਬਾਪ ਨੂੰ ਯਾਦ ਕਰਦੇ ਕਰਦੇ ਮਾਇਆ ਦਾ ਤੂਫ਼ਾਨ ਕਿਥੇ ਲੈ ਜਾਂਦਾ ਹੈ। ਬੱਚੇ ਕਈ ਸੱਚ ਨਹੀਂ ਦਸਦੇ ਹਨ। ਸਲਾਹ ਵੀ ਨਹੀਂ ਲੈਂਦੇ ਹਨ। ਅਵਿਨਾਸ਼ੀ ਸਰਜਨ ਤੋਂ ਕੁਝ ਵੀ ਛਿਪਾਨਾ ਨਹੀਂ ਹੈ। ਜੇਕਰ ਦਸਦੇ ਨਹੀਂ ਤਾਂ ਹੋਰ ਵੀ ਗੰਦੇ ਹੋ ਜਾਂਦੇ ਹਨ। ਇਸ ਤਰ੍ਹਾਂ ਨਹੀਂ, ਬਾਬਾ ਜਾਨੀ ਜਾਨਣਹਾਰ ਹੈ ਸਭ

ਸਮਝਦੇ ਹਨ। ਨਹੀਂ, ਤੁਸੀਂ ਅਵਗਿਆ ਕਰਦੇ ਹੋ (ਹੁਕਮ ਨਹੀਂ ਮਨਣਾ) ਉਹ ਆ ਕੇ ਦੱਸੋ- ਸ਼ਿਵਬਾਬਾ ਮੇਰੇ ਤੋਂ ਇਹ ਭੁੱਲ ਹੋਈ ਹੈ। ਮਾਫੀ ਚਾਹੀਦੀ ਹੈ। ਮਾਫੀ ਨਹੀਂ ਲਵੋਗੇ ਤਾਂ ਭੁੱਲਾਂ ਹੁੰਦੀਆਂ ਰਹਿਣਗੀਆਂ। ਮਤਲਬ ਆਪਣੇ ਸਿਰ ਤੇ ਪਾਪ ਚੜ੍ਹਾਉਂਦੇ ਰਹਿੰਦੇ ਹੋ। ਬਾਪ ਤੇ ਸਮਝਾਉਂਦੇ ਹਨ ਕਿ ਕਲਪ ਕਲਪ ਦੇ ਲਈ ਆਪਣੀ ਪਦਵੀ ਨਾ ਗਵਾਓ। ਜੇਕਰ ਹੁਣ ਇਸ ਵੇਲੇ ਆਪਣੀ ਪਦਵੀ ਉਂਚ ਨਹੀਂ ਬਣਾਉਂਦੇ ਤਾਂ ਕਲਪ - ਕਲਪੰਤ੍ਰ ਇਹ ਹੀ ਹਾਲ ਹੋਵੇਗਾ। ਇਹ ਨੋਲਜ ਹੈ ਬਾਬਾ ਜਾਣਦਾ ਹੈ। ਕਲਪ ਪਹਿਲੇ ਦੀ ਤਰ੍ਹਾਂ ਰਾਜਾਈ ਸਥਾਪਨ ਹੋ ਰਹੀ ਹੈ। ਬਾਪ ਦਾਦਾ ਜ਼ਿਆਦਾ ਸਮਝ ਸਕਦੇ ਹਨ। ਇਹ ਫਿਰ ਵੀ ਮੁਰੱਬੀ ਬੱਚਾ ਹੈ। ਮਾਤਾਵਾਂ ਦੀ ਮਹਿਮਾ ਵਧਾਉਣੀ ਹੈ। ਮਾਤਾਵਾਂ ਨੂੰ ਅੱਗੇ ਰੱਖਿਆ ਜਾਂਦਾ ਹੈ। ਗੋਪਾਂ ਨੂੰ ਸਮਝਾਉਂਦੇ ਹਨ ਇਨ੍ਹਾਂ ਨੂੰ ਅੱਗੇ ਲੈ ਕੇ ਆਓ। ਗੋਪ ਵੀ ਬੜੀ ਸਰਵਿਸ ਕਰ ਸਕਦੇ ਹਨ। ਚਿੱਤਰ ਲੈ ਕੇ ਸਮਝਾਓ- ਉੱਚ ਤੇ ਉੱਚ ਇਹ ਭਗਵਾਨ ਹੈ। ਫਿਰ ਹੈ ਤ੍ਰਿਮੂਰਤੀ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ। ਉਨ੍ਹਾਂ ਵਿੱਚੋ ਵੀ ਉੱਚ ਕੌਣ ਹੈ - ਕੁਸ ਦਾ ਨਾਮ ਹੈ?, ਸਾਰੇ ਕਹਿਣਗੇ, ਪ੍ਰਜਾਪਿਤਾ ਬ੍ਰਹਮਾ, ਜਿਸ ਦੇ ਦਵਾਰਾ ਵਰਸਾ ਮਿਲਦਾ ਹੈ। ਸ਼ੰਕਰ ਜਾ ਵਿਸ਼ਨੂੰ ਨੂੰ ਪਿਤਾ ਨਹੀਂ ਕਹਾਂਗੇ। ਉਨ੍ਹਾਂ ਤੋਂ ਕੋਈ ਵਰਸਾ ਨਹੀਂ ਮਿਲਦਾ ਹੈ। ਪ੍ਰਜਾਪਿਤਾ ਬ੍ਰਹਮਾ ਓਹਨਾ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਤੋਂ ਕੀ ਵਰਸਾ ਮਿਲਦਾ ਹੈ? ਬ੍ਰਹਮਾ ਹੈ ਸ਼ਿਵਬਾਬਾ ਦਾ ਬੱਚਾ, ਸ਼ਿਵਬਾਬਾ ਹੈ ਗਿਆਨ ਦਾ ਸਾਗਰ, ਹੈਵਨ ਸਥਾਪਨ ਕਰਨ ਵਾਲਾ। ਤਾਂ ਜਰੂਰ ਸਵਰਗ ਦੇ ਲਈ ਸਿੱਖਿਆ ਮਿਲਦੀ ਹੈ। ਇਹ ਰਾਜਯੋਗ ਦੇ ਲਈ ਮਤ ਹੈ ਨਾ। ਬ੍ਰਹਮਾ ਦਵਾਰਾ ਬਾਪ ਸ਼੍ਰੀਮਤ ਦਿੰਦੇ ਹਨ। ਇਹ ਹੈ ਦੇਵਤਾ ਬਣਨ ਦੇ ਲਈ। ਬ੍ਰਹਮਾਕੁਮਾਰੀ ਸੋ ਸ਼੍ਰੀ ਲਕਸ਼ਮੀ ਗੌਡਜ਼ ਆਫ ਵੈਲਥ। ਉਹ ਬ੍ਰਾਹਮਣ ਉਹ ਦੇਵੀ ਦੇਵਤਾ। ਨਿਰਾਕਾਰੀ ਦੁਨੀਆ ਵਿਚ ਸਾਰੀਆਂ ਆਤਮਾਵਾਂ ਹਨ। ਬੱਚਿਆਂ ਨੂੰ ਸਮਝਾਉਂਦੇ ਤਾਂ ਬਹੁਤ ਹਨ ਪਰ ਸਮਝਣ ਵਾਲਾ ਕੋਈ ਸਮਝੇ। ਮਨੁੱਖ ਤਾਂ ਅੰਧ ਵਿਸ਼ਵਾਸ ਨਾਲ ਸੰਨਿਆਸੀ ਗੁਰੂ ਦੇ ਫੋਲੋਅਰਸ ਬਣਦੇ ਹਨ। ਉਨ੍ਹਾਂ ਤੋਂ ਕੀ ਮਿਲੇਗਾ ਇਹ ਵੀ ਜਾਣਦੇ ਨਹੀਂ ਹਨ। ਟੀਚਰ ਤਾਂ ਫਿਰ ਵੀ ਜਾਣਦੇ ਹਨ ਕੀ ਪਦਵੀ ਪਾਉਣਗੇ। ਬਾਕੀ ਜਿਸ ਦੇ ਅਨੁਯਾਯੀ(ਫੋਲੋਅਰਸ) ਬਣਦੇ ਹਨ ਉਨ੍ਹਾਂ ਤੋਂ ਕੀ ਪ੍ਰਾਪਤ ਹੁੰਦਾ ਹੈ ਇਹ ਕੁਝ ਨਹੀਂ ਜਾਣਦੇ ਹਨ। ਇਹ ਹੈ ਅੰਧਸ਼ਰਧਾ, ਫੋਲੋਅਰਸ ਤਾਂ ਹੈ ਹੀ ਨਹੀਂ। ਨਾ ਇਹ ਬਣਾਉਂਦੇ ਹਨ ਨਾ ਤੁਸੀਂ ਉਨ੍ਹਾਂ ਵਰਗੇ ਬਣਦੇ ਹੋ। ਏਮ-ਆਬਜੈਕਟ ਕੀ ਹੈ? ਕੁਝ ਵੀ ਨਹੀਂ ਜਾਣਦੇ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

**1** ਸੰਗ ਦੋਸ਼ ਤੋਂ ਸਦਾ ਬੱਚ ਕੇ ਰਹਿਣਾ ਹੈ। ਸੱਚੀ ਪੜਾਈ ਪੜ੍ਹ ਕੇ ਸੱਚੀ ਕਮਾਈ ਦਾ ਸਟਾਕ ਜਮਾ ਕਰਨਾ ਹੈ।

**2** ਕਦਮ-ਕਦਮ ਤੇ ਬਾਬਾ ਦੀ ਸ਼੍ਰੀਮਤ ਤੇ ਚੱਲਾਂਗੇ - ਇਹ ਆਪਣੇ ਨਾਲ ਪ੍ਰਣ ਕਰਨਾ ਹੈ।

ਵਰਦਾਨ:- ਸ੍ਵ ਫਰਿਆਦ ਦੇ ਫ਼ਾਇਲ ਨੂੰ ਖਤਮ ਕਰ ਫਾਇਨ ਬਣਨ ਵਾਲੇ ਕਰਮਯੋਗੀ ਭਵ।

ਜਿਵੇਂ ਆਤਮਾ ਅਤੇ ਸ਼ਰੀਰ ਕਮਬਾਇੰਡ ਹਨ ਤਾਂ ਜੀਵਨ ਹੈ, ਅਜਿਹੇ ਕਰਮ ਅਤੇ ਯੋਗ ਕਮਬਾਇੰਡ ਹਨ। 2-3 ਘੰਟੇ ਯੋਗ ਲਗਾਉਣ ਵਾਲੇ ਯੋਗੀ ਨਹੀਂ, ਲੇਕਿਨ ਯੋਗੀ ਜੀਵਨ ਵਾਲੇ। ਉਨ੍ਹਾਂ ਦਾ ਯੋਗ ਆਪੇ ਹੀ ਅਤੇ ਸਹਿਜ ਹੁੰਦਾ ਹੈ, ਉਨ੍ਹਾਂ ਦਾ ਯੋਗ ਟੁੱਟਦਾ ਹੀ ਨਹੀਂ ਜੋ ਮਿਹਨਤ ਕਰਨੀ ਪਵੇ। ਉਨ੍ਹਾਂ ਨੂੰ ਕੋਈ ਵੀ ਫਰਿਆਦ ਕਰਨ ਦੀ ਲੋੜ ਨਹੀਂ। ਯਾਦ ਵਿੱਚ ਰਹਿਣ ਨਾਲ ਸਭ ਕੰਮ ਆਪੇ ਹੀ ਸਫਲ ਹੋ ਜਾਂਦੇ ਹਨ। ਫਾਇਨ ਬਣਨ ਵਾਲੇ ਦੇ ਸਭ ਫ਼ਾਇਲ ਖਤਮ ਹੋ ਜਾਂਦੇ ਹਨ, ਕਿਉਂਕਿ ਯੋਗੀ ਜੀਵਨ ਸ੍ਵ ਪ੍ਰਾਪਤੀਆਂ ਦੀ ਜੀਵਨ ਹੈ।

ਸਲੋਗਨ:- ਹਰ ਵੇਲੇ ਕਰਾਵਨਹਾਰ ਬਾਪ ਯਾਦ ਰਹੇ ਤਾਂ ਨਿਰੰਤਰ ਯੋਗੀ ਬਣ ਜਾਵੋਗੇ।

******